ਮਾਡਲ ਟੈਸਟ ਪੇਪਰ

ਸ਼੍ਰੇਣੀ - ਦਸਵੀਂ

ਵਿਸ਼ਾ - ਸੰਗੀਤ (ਗਾਇਨ)

ਸੈਸ਼ਨ - 2023-2024

ਸਮਾਂ - 3 ਘੰਟੇ ਕੁਲ ਅੰਕ – 45

## ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ੳ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਸਪਤਕ ਦੀ ਪਰਿਭਾਸ਼ਾ ਦੀਓ।
2. ਥਾਟ ਕਿੰਨੇ ਮੰਨੇ ਗਏ ਹਨ?
3. ਸਥਾਈ ਤੋਂ ਕੀ ਭਾਵ ਹੈ?
4. ਅੰਤਰੇ ਦੇ ਕਿੰਨੇ ਭਾਗ ਹੁੰਦੇ ਹਨ?
5. ਤਾਨਸੇਨ ਜੀ ਕਿਸ ਘਰਾਨੇ ਦੇ ਸਨ?
6. ਪੰਜਾਬ ਦੇ ਕੋਈ ਦੋ ਲੋਕ ਸਾਜ਼ਾਂ ਦੇ ਨਾਮ ਲਿਖੋ।
7. ਰਾਗ ਭੂਪਾਲੀ ਵਿੱਚ ਕਿਹੜੇ ਸਵਰ ਵਰਜਿਤ ਹੁੰਦੇ ਹਨ?
8. ਭੈਰਵ ਵਿੱਚ ਕਿਹੜਾ ਰੇ ਪ੍ਰਯੋਗ ਹੁੰਦਾ ਹੈ?
9. ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
10. ਇੱਕਤਾਲ ਨੂੰ ਕਿਸ ਕਿਸ ਸਾਜ਼ ਉੱਤੇ ਵਜਾਇਆ ਜਾਂਦਾ ਹੈ? (10X1=10)

(ਖ) ਖਾਲੀ ਥਾਵਾਂ

11. ਗੀਤ ਦੇ ਪਹਿਲੇ ਭਾਗ ਨੂੰ ____________ ਕਹਿੰਦੇ ਹਨ।
12. ਥਾਟਾਂ ਦਾ ਸਿਧਾਂਤ ____________ ਜੀ ਨੇ ਦਿੱਤਾ।
13. ਤਾਨਪੁਰਾ ਇੱਕ ______ ਸਾਜ਼ ਹੈ।
14. ਇੱਕਤਾਲ ਵਿੱਚ ________ ਵਿਭਾਗ ਹਨ।
15. ਚੌਤਾਲ ਵਿੱਚ ___________ ਮਾਤਰਾਵਾਂ ਹੁੰਦੀਆਂ ਹਨ। (5x1=5)

(ਗ) ਸਹੀ/ਗ਼ਲਤ

16. ਗਾਇਕ ਵਜਾਉਣ ਵਾਲੇ ਨੂੰ ਕਹਿੰਦੇ ਹਨ।
17. ਸਾਰੰਗੀ ਇੱਕ ਤੰਤੀ ਸਾਜ਼ ਹੈ।
18. ਇੱਕਤਾਲ ਸ਼ਾਸਤਰੀਯ ਤਾਲ ਹੈ।
19. ਰੂਪਕ ਤਾਲ ਨੂੰ ਪੰਚਮਸਵਾਰੀ ਤਾਲ ਵੀ ਕਿਹਾ ਜਾਂਦਾ ਹੈ। (4x1=4)

## ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਮੱਧ ਸਪਤਕ ਨੂੰ ਸੰਖੇਪ ਵਿੱਚ ਲਿਖੋ।
21. ਨਗਾੜੇ ਬਾਰੇ ਸੰਖੇਪ ਵਿੱਚ ਲਿਖੋ।
22. ਭਜਨ ਬਾਰੇ ਸੰਖੇਪ ਵਿੱਚ ਲਿਖੋ।
23. ਛੋਟੇ ਖਿਆਲ ਬਾਰੇ ਸੰਖੇਪ ਵਿੱਚ ਲਿਖੋ।
24. ਤਾਨਪੁਰੇ ਦੇ ਕੋਈ ਦੋ ਅੰਗਾਂ ਬਾਰੇ ਲਿਖੋ।
25. ਰਾਗ ਭੈਰਵ ਦਾ ਪਰਿਚੈ ਲਿਖੋ।
26. ਰਾਗ ਭੂਪਾਲੀ ਦਾ ਪਰਿਚੈ ਲਿਖੋ ਅਤੇ ਪਕੜ ਲਿਖੋ।
27. ਰੂਪਕ ਤਾਲ ਨੂੰ ਇੱਕਗੁਣ ਦੀ ਲੈਅਕਾਰੀ ਵਿੱਚ ਲਿਖੋ। (8x2=16)

## ਭਾਗ - ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। ਦਾ ਹੋਵੇਗਾ।

28. ਸਪਤਕ ਬਾਰੇ ਲਿਖੋ ਅਤੇ ਇਸਦੇ ਪ੍ਰਕਾਰਾਂ ਨੂੰ ਵਿਸਥਾਰ ਸਹਿਤ ਲਿਖੋ।

    ਜਾਂ

    ਤਾਨਸੇਨ ਜੀ ਦਾ ਜੀਵਨ ਪਰਿਚੈ ਲਿਖੋ।

29. ਰਾਗ ਖਮਾਜ ਵਿੱਚ ਵੱਡੇ ਖਿਆਲ ਦੀ ਸੁਰਲਿਪੀ ਲਿਖੋ।

    ਜਾਂ

    ਰਾਗ ਭੈਰਵ ਵਿੱਚ ਵੱਡੇ ਖਿਆਲ ਦੀ ਸੁਰਲਿਪੀ ਲਿਖੋ ਅਤੇ ਕੋਈ ਤਿੰਨ ਤਾਨਾ ਲਿਖੋ। (2x5=10)